# RESOURCE SHEET


**Canadian Child Care Federation**

*Leaders in Early Learning*


**#89**

# ਮਾਤਾ ਪਿਤਾ, ਸਾਂਝੀਦਾਰ ਦੀ ਤਰ੍ਹਾਂ: ਆਤਮ ਸਨਮਾਨ ਵਧਾਉਂਦੇ ਹਨ

ਜਦੋਂ ਮਾਤਾ ਪਿਤਾ ਅਤੇ ਸੇਵਾ ਦਾਤਾ ਮਿਲ ਕੇ ਆਪਸ ਵਿੱਚ ਸਨਮਾਨ ਦਾ ਰਿਸ਼ਤਾ ਬਣਾਉਂਦੇ ਹਨ, ਉਹਨਾਂ ਦੀ ਸਾਂਝ ਬੱਚਿਆਂ ਦੇ ਮਜ਼ਬੂਤ ਆਤਮ ਸਨਮਾਨ ਦੀ ਨੀਂਹ ਬਣਾਉਂਦੀ ਹੈ।

### ਬੱਚਿਆਂ ਦਾ ਪਿਆਰ ਕਰਨ ਯੋਗ, ਕਾਬਲ ਅਤੇ ਸਮੱਰਥ ਦੀ ਤਰ੍ਹਾਂ ਸਹਾਇਤਾ ਦੇਣ ਵਾਲੇ ੬ "ਏ" ਹਨ

ਮਾਤਾ ਪਿਤਾ, ਸ਼ੁਰੂਆਤੀ ਵਿਦਿਆ ਅਤੇ ਬੱਚਿਆਂ ਦੀ ਦੇਖਭਾਲ ਕਰਨ ਵਾਲੇ ਸੇਵਾ ਦਾਤਾ, ਬੱਚਿਆਂ ਦੇ ਆਤਮ ਸਨਮਾਨ ਨੂੰ ਇਹਨਾਂ ਸਰਲ ਕੰਮ ਦੀਆਂ ਨੀਤੀਆਂ ਦੇ ਅਨੁਕੂਲ ਉਪਯੋਗ ਦੁਆਰਾ ਸਹਾਰਾ ਦੇ ਸਕਦੇ ਹਨ:

ਅਫੈਕਸ਼ਨ (ਸਨੇਹ) – ਬੱਚਿਆਂ ਦੇ ਨਾਲ ਅਨੰਦ ਲੈਣ ਦੇ ਅਤੇ ਉਹਨਾਂ ਨਾਲ ਰਹਿਣਾ ਚਾਹੁਣ ਦੇ ਸੱਚੇ ਅਰਥ ਵਿਅਕਤ ਕਰਦਾ ਹੈ

ਅਟੈਂਟਿਵਨੈਸ (ਧਿਆਨ ਦੇਣਾ) – ਬੱਚਿਆਂ ਦੀ ਪਸੰਦ ਦੀਆਂ ਚੀਜ਼ਾਂ ਵਿੱਚ ਸਹੀ ਅਰਥਾਂ ਵਿੱਚ ਦਿਲਚਸਪੀ, ਅਤੇ ਬੱਚਿਆਂ ਨੂੰ ਵਿਅਕਤੀਗਤ ਰੂਪ ਨਾਲ ਜਾਨਣ ਦੇ ਭਾਵ ਨੂੰ ਵਿਅਕਤ ਕਰਦਾ ਹੈ

ਐਕਸੈਪਟੈਂਸ (ਸਵੀਕ੍ਰਿਤੀ) – ਕੁੱਝ ਹੋਰ ਬਨਣ ਲਈ ਜਾਂ ਕਿਸੇ ਹੋਰ ਦੇ ਅਨੁਸਾਰ ਉਹਨਾਂ ਨੂੰ ਬਦਲਣ ਦੇ ਦਬਾਅ ਤੋਂ ਬਿਨਾ ਬੱਚੇ ਅੱਜ ਜੋ ਹਨ ਉਸ ਪ੍ਰਤੀ ਤੁਹਾਡੇ ਆਦਰ ਭਾਵ ਨੂੰ ਵਿਅਕਤ ਕਰਦਾ ਹੈ

ਅਫਰਮੇਸ਼ਨ (ਸਮੱਰਥਨ) – ਤੁਸੀਂ ਸਵੀਕਾਰ ਕਰਦੇ ਹੋ ਕਿ ਬੱਚਿਆਂ ਦੀਆਂ ਭਾਵਨਾਵਾਂ ਅਸਲ ਅਤੇ ਜਾਇਜ਼ ਹਨ, ਤੁਹਾਡੇ ਇਸ ਭਾਵ ਨੂੰ ਵਿਅਕਤ ਕਰਦਾ ਹੈ

ਅਵੇਲੇਬਿਲਟੀ (ਉਪਲਬਧੀ) – ਜਦੋਂ ਭਾਵਨਾਂ ਤੇਜ਼ ਹੋਣ ਉਸ ਸਮੇਂ ਭਾਵੁਕ ਰੂਪ ਨਾਲ ਮਦਦ ਲਈ ਉਪਲਬਧ ਹੋਣ ਦੇ ਭਾਵ ਨੂੰ ਵਿਅਕਤ ਕਰਦਾ ਹੈ, ਇਹ ਨਿਸ਼ਚਿਤ ਕਰਨ ਲਈ ਕਿ ਬੱਚਾ ਭਾਵਨਾਵਾਂ ਵਿੱਚ ਡੁੱਬ ਨਾ ਜਾਵੇ ਅਤੇ ਉਹਨਾਂ ਤੇਜ਼ ਭਾਵਨਾਵਾਂ ਦੇ ਉੱਪਰ ਫਿਰ ਤੋਂ ਕਾਬੂ ਪਾਉਣ ਲਈ ਸਹੀ ਸਮੇਂ 'ਤੇ ਸਹਾਇਤਾ ਉਪਲਬਧ ਹੈ

ਐਡਮਿਰੇਸ਼ਨ (ਪ੍ਰਸੰਸਾ) – ਬੱਚਿਆਂ ਦੀ ਕੋਸ਼ਿਸ਼ ਅਤੇ ਉਪਲਬਧੀ ਦੀ ਸ਼ਲਾਘਾ, ਮੁਸ਼ਕਲ ਸਮੇਂ ਵਿੱਚ ਉਤਸ਼ਾਹ ਦੇਣਾ, ਵਿਸ਼ਵਾਸ ਦੇਣਾ ਕਿ ਸਮੇਂ ਅਤੇ ਅਭਿਆਸ ਦੇ ਨਾਲ ਹਲਾਤ ਅਸਾਨ ਹੋ ਜਾਣਗੇ ਦੇ ਭਾਵ ਨੂੰ ਵਿਅਕਤ ਕਰਦਾ ਹੈ।

## ਵਿਅਕਤੀਗਤ ਰੂਪ ਨਾਲ ਉਹਨਾਂ ਦੇ ਨਾਲ ਬਿਤਾਇਆ ਸਮਾਂ[੧]

- ਬੱਚਿਆਂ ਦੇ ਨਾਲ ਅਲਗ ਅਲਗ ਵਿਅਕਤੀਗਤ ਰੂਪ ਨਾਲ ਖੇਡਣ ਅਤੇ ਮੇਲ ਮਿਲਾਪ ਲਈ ਸਮਾਂ ਕੱਢੋ।
- ਬੱਚੇ ਨੂੰ ਖੇਡ ਜਾਂ ਗਤੀਵਿਧੀ ਚੁਣਣ ਅਤੇ ਉਸ ਨੂੰ ਸ਼ੁਰੂ ਕਰਨ ਲਈ ਉਤਸ਼ਾਹ ਦੇਵੋ।
- ਬੱਚੇ ਦੀ ਅਗਵਾਈ ਦੀ ਪਾਲਣਾ ਕਰੋ, ਦੇਖੋ, ਅਤੇ ਬੱਚੇ ਦੀ ਕਲਪਨਾ ਅਤੇ ਵਿਚਾਰਾਂ ਦਾ ਸਮੱਰਥਨ ਕਰੋ ਅਤੇ ਟਿੱਪਣੀ ਦੇਵੋ।
- ਬੱਚੇ ਨਾਲ ਉਸਦੀ ਪਸੰਦ ਬਾਰੇ ਗੱਲ ਕਰੋ, ਅਜਿਹੇ ਪ੍ਰਸ਼ਨ ਪੁੱਛੋ ਜਿੰਨ੍ਹਾਂ ਦਾ ਉੱਤਰ ਉਹ ਆਪਣੇ ਢੰਗ ਨਾਲ ਦੇ ਸਕੇ।
- ਨਿਸ਼ਚਿਤ ਕਰੋ ਕਿ ਬਹੁਤ ਸਾਰੇ ਸ਼ੀਸ਼ੇ ਹਨ ਤਾਂ ਕਿ ਬੱਚੇ ਆਪਣੇ ਪ੍ਰੋਗਰਾਮ ਦੀਆਂ ਭਿੰਨ-ਭਿੰਨ ਗਤੀਵਿਧੀਆਂ ਵਿੱਚ ਭਾਗ ਲੈਂਦੇ ਹੋਏ ਆਪਣੇ ਆਪ ਨੂੰ ਦੇਖ ਸਕਣ। ਫੋਟੋਆਂ ਲਵੋ ਤਾਂ ਕਿ ਉਹਨਾਂ ਦਾ ਅਨੰਦ ਲੈਣ ਲਈ ਉਹਨਾਂ ਦੇ ਮਾਂ-ਬਾਪ ਦੇ ਘਰ ਉਹਨਾਂ ਨੂੰ ਭੇਜ ਸਕੋ।

## ਸਮੂਹ ਵਿੱਚ ਬੱਚਿਆਂ ਦੇ ਨਾਲ ਬਿਤਾਇਆ ਸਮਾਂ

- ਛੋਟੇ ਸਮੂਹਾਂ ਵਿੱਚ ਮੇਲ-ਜੋਲ ਦੀਆਂ ਯੋਜਨਾਵਾਂ ਬਣਾਓ, ਅਤੇ ਉਹਨਾਂ ਨੂੰ ਲਾਗੂ ਕਰੋ ਤਾਂ ਕਿ ਇਹ ਨਿਸ਼ਚਿਤ ਹੋ ਸਕੇ ਕਿ ਹਰੇਕ ਬੱਚੇ ਨੂੰ ਸਫਲਤਾਪੂਰਵਕ ਭਾਗ ਲੈਣ ਦਾ ਮੌਕਾ ਮਿਲ ਰਿਹਾ ਹੈ, ਜੋ ਬਾਕੀ ਬੱਚੇ ਦੇਖ ਅਤੇ ਅਨੁਭਵ ਕਰ ਸਕਣ।
- ਅਜਿਹੇ ਹੁਨਰਾਂ ਦਾ ਸਮੱਰਥਨ ਕਰੋ ਅਤੇ ਉਹਨਾਂ ਨੂੰ ਬੱਚਿਆਂ ਨੂੰ ਸਿਖਾਓ ਜਿਨ੍ਹਾਂ ਦੀ ਜ਼ਰੂਰਤ ਉਹਨਾਂ ਨੂੰ ਆਪਣੇ ਮਿੱਤਰਾਂ ਨਾਲ ਸਫਲਤਾਪੂਰਵ ਮੇਲ-ਮਿਲਾਪ ਲਈ ਹੁੰਦੀ ਹੈ।
- ਦਇਅਲਤਾ, ਸਹਾਨੁਭੂਤੀ ਅਤੇ ਪਰਵਾਹ ਕਰਨ ਵਾਲੇ ਵਿਵਹਾਰ ਜਦੋਂ ਵੀ ਦਿਖਾਏ ਜਾਣ, ਉਹਨਾਂ ਦੀ ਕਦਰ ਅਤੇ ਸ਼ਲਾਘਾ ਕਰੋ, ਅਤੇ ਦੱਸੋ ਕਿ ਉਹਨਾਂ ਦੇ ਮਿੱਤਰਾਂ ਦੀ ਭਲਾਈ ਲਈ ਇਹ ਸੁਭਾਵਕ ਰੂਪ ਨਾਲ ਕਿੰਨੇ ਫਾਇਦੇਮੰਦ ਹਨ। "ਜੇਕਬ ਉਦਾਸ ਸੀ, ਪਰ ਤੁਸੀਂ ਉਸਨੂੰ ਬਿਹਤਰ ਮਹਿਸੂਸ ਕਰਵਾਉਣ ਲਈ ਖ਼ੁਸ਼ੀ ਭਰਿਆ ਚਿੱਤਰ ਬਣਾ ਕੇ ਉਸ ਦੀ ਦਰਅਸਲ ਮਦਦ ਕੀਤੀ ਹੈ।"
- ਹਰੇਕ ਬੱਚੇ ਨੂੰ ਸਵੀਕਾਰ ਕਰੋ ਅਤੇ ਉਸ ਨੂੰ ਸਵੀਕਾਰ ਕਰਨ ਦਾ ਨਮੂਨਾ ਪੇਸ਼ ਕਰੋ ਤਾਂ ਕਿ ਬੱਚੇ ਵੀ ਆਪਣੇ ਸਾਰੇ ਮਿੱਤਰਾਂ ਨੂੰ ਖੇਡ ਦੇ ਕੀਮਤੀ ਸਾਂਝੀਦਾਰ ਸਮਝ ਸਕਣ।
- ਸਮੂਹ ਦੇ ਨਾਲ ਬਿਤਾਏ ਸਮੇਂ ਦੇ ਅਨੁਭਵਾਂ ਨੂੰ ਮਾਤਾ ਪਿਤਾ ਨਾਲ ਵੰਡੋ।

## ਨਿਸ਼ਚਿਤ ਕਰੋ ਕਿ ਹਰ ਬੱਚਾ ਬਹੁ-ਮੁੱਲਾ ਅਤੇ ਸੁਰਖਿਅਤ ਮਹਿਸੂਸ ਕਰਦਾ ਹੈ

- ਹਰ ਬੱਚੇ ਨੂੰ, ਜਦੋਂ ਵੀ ਉਸ ਨੂੰ ਸੱਟ ਲੱਗੇ, ਪਰੇਸ਼ਾਨ ਹੋਵੇ ਜਾਂ ਬਿਮਾਰ ਹੋਵੇ, ਉਸਨੂੰ ਹੌਸਲਾ ਦੇਵੋ।
- ਬੱਚਿਆਂ ਨੂੰ ਵਿਅਕਤੀਗਤ ਚੀਜ਼ਾਂ ਲਿਆਉਣ ਲਈ ਉਤਸ਼ਾਹ ਦੇਵੋ, ਜਿੰਨ੍ਹਾਂ ਨਾਲ ਉਹਨਾਂ ਨੂੰ ਦਿਲਾਸਾ ਮਿਲਦਾ ਹੈ ਅਤੇ ਪਰਿਵਾਰ ਦੇ ਨਾਲ ਨਿਕਟਾ ਮਹਿਸੂਸ ਹੁੰਦੀ ਹੈ (ਜੱਫੀ ਪਾਉਣ ਵਾਲਾ ਖਿਲਾਉਣਾ, ਪਿਆਰੀ ਪੁਸਤਕ, ਫੋਟੋ) ਅਤੇ ਉਹਨਾਂ ਨੂੰ ਉਹਨਾਂ ਦੇ ਵਿਅਕਤੀਗਤ ਸਥਾਨ ਜਾਂ ਅਲਮਾਰੀ ਵਿੱਚ ਰੱਖੋ। ਫੋਟੋ ਅਤੇ ਲੇਬਲ ਹੋਣ ਨਾਲ ਉਹਨਾਂ ਨੂੰ ਪ੍ਰੋਗਰਾਮ ਦੀ ਸਮਗਰੀ ਤੋਂ ਅਲਗ ਰੱਖਣ ਵਿੱਚ ਸਹਾਇਤਾ ਮਿਲੇਗੀ।
- ਜਿੰਨ੍ਹਾਂ ਬੱਚਿਆਂ ਅਤੇ ਪਰਿਵਾਰਾਂ ਦੀ ਤੁਸੀਂ ਸੇਵਾ ਕਰਦੇ ਹੋ ਉਹਨਾਂ ਦੀਆਂ ਭਾਸ਼ਾਵਾਂ ਵਿੱਚ ਕੁੱਝ ਮੁੱਖ ਸ਼ਬਦ ਅਤੇ ਵਾਕ ਸਿੱਖੋ।

## ਨਿਸ਼ਚਿਤ ਕਰੋ ਕਿ ਹਰ ਬੱਚਾ ਆਪਣਾ ਆਪ ਨੂੰ ਸਮੱਰਥ ਅਤੇ ਸਵਤੰਤਰ ਮਹਿਸੂਸ ਕਰਦਾ ਹੈ

- ਬੱਚਿਆਂ ਦੀ ਪਹਿਲ ਦਾ ਸਮੱਰਥਨ ਕਰੋ ਅਤੇ ਉਹਨਾਂ ਨੂੰ ਸਮੱਸਿਆਵਾਂ ਦੇ ਹੱਲ ਬਾਰੇ ਸੋਚਣ ਲਈ ਉਤਸ਼ਾਹ ਦੇਵੋ।
- ਬੱਚਿਆਂ ਨੂੰ ਅਜਿਹੇ ਮੌਕੇ ਪ੍ਰਦਾਨ ਕਰੋ ਜਿੰਨ੍ਹਾਂ ਵਿੱਚ ਉਹ ਆਪਣੇ ਵਾਤਾਵਰਨ ਦੀ ਖੋਜ ਅਤੇ ਉਸ 'ਤੇ ਕਾਬੂ ਪਾਉਣ ਵਿੱਚ ਭਾਗ ਲੈ ਸਕਣ।
- ਬੱਚਿਆਂ ਨੂੰ ਅਸੀਮਤ ਅਨੁਭਵ ਪ੍ਰਦਾਨ ਕਰੋ ਤਾਂ ਕਿ ਹਰ ਬੱਚਾ ਆਪਣੇ ਵਿਅਕਤੀਗਤ ਪੱਧਰ 'ਤੇ ਸਫਲ ਹੋ ਸਕੇ।
- ਸਫਲ ਉਪਲਬਧੀ, ਅਨੰਦ ਲੈਣ ਯੋਗ ਅਨੁਭਵਾਂ ਅਤੇ ਬੱਚਿਆਂ ਦੀਆਂ ਹੋਰ ਬੱਚਿਆਂ, ਮਿੱਤਰਾਂ ਅਤੇ ਮਾਤਾ ਪਿਤਾ ਦੇ ਨਾਲ ਦੀਆਂ ਕੋਸ਼ਿਸ਼ਾਂ 'ਤੇ ਧਿਆਨ ਦੇਵੋ ਅਤੇ ਉਹਨਾਂ ਦਾ ਆਦਰ ਕਰੋ।

## ਮਾਤਾ ਪਿਤਾ ਦੇ ਨਾਲ ਸਾਂਝੀਦਾਰ ਬਣੋ

- ਮੁੱਢਲੀ ਸੇਵਾ ਪ੍ਰਦਾਨ ਕਰਨ ਦੇ ਨਮੂਨੇ ਨੂੰ ਦੇਖੋ, ਜੋ ਇੱਕ ਖਾਸ ਸੇਵਾ-ਦਾਤੇ ਨੂੰ ਪਰਿਵਾਰਾਂ ਦੀ ਸੀਮਤ ਸੰਖਿਆ ਦੀ ਜ਼ਿਮੇਵਾਰੀ ਦਿੰਦਾ ਹੈ।
- ਮਾਤਾ ਪਿਤਾ ਅਤੇ ਪ੍ਰੋਗਰਾਮ ਦੇ ਬੱਚਿਆਂ ਦੇ ਲਕਸ਼ ਬਾਰੇ ਖੁੱਲ੍ਹੇ ਦਿਲ ਨਾਲ ਅਤੇ ਆਦਰ ਨਾਲ ਚਰਚਾ ਕਰੋ।
- ਮਾਤਾ ਪਿਤਾ ਦੇ ਨਾਲ ਉਹਨਾਂ ਦੇ ਬੱਚਿਆਂ ਦੇ ਸੁਭਾਅ ਅਤੇ ਵਿਵਹਾਰ ਦੇ ਬਾਰੇ ਆਪਣੇ ਅਨੁਭਵ ਸਾਂਝੇ ਕਰੋ, ਅਤੇ ਉਹਨਾਂ ਦੇ ਬੱਚਿਆਂ ਦੇ ਸਰੀਰਕ ਅਤੇ ਵਿਕਾਸ ਦੇ ਨਾਲ ਜੁੜੀਆਂ ਹੋਈਆਂ ਵਿਸ਼ੇਸ਼ਤਾਵਾਂ ਦੇ ਬਾਰੇ ਚਰਚਾ ਕਰੋ।
- ਸਿਰਫ ਉਹਨਾਂ ਦੇ ਵਿਵਹਾਰ ਦਾ ਪ੍ਰਬੰਧ ਕਰਨ ਜਾਂ ਉਸਨੂੰ ਬਦਲਣ ਦੀ ਕੋਸ਼ਿਸ਼ ਕਰਨ ਦੇ ਬਜਾਏ ਵਿਵਹਾਰ ਦੇ ਕਾਰਨ ਨੂੰ ਜਾਨਣ ਦੀ ਕੋਸ਼ਿਸ਼ ਕਰੋ।
- ਨਿਸ਼ਚਿਤ ਕਰੋ ਕਿ ਬੱਚੇ ਜਾਂ ਮਾਤਾ ਪਿਤਾ ਦੇ ਬਾਰੇ ਕੋਈ ਵੀ ਗੱਲਬਾਤ, ਵਿਅਕਤੀਗਤ ਵਿਚਾਰ ਜਾਂ ਆਲੋਚਨਾ ਤੋਂ ਮੁਕਤ ਹੈ।
- ਬੱਚਿਆਂ ਦੇ ਪਾਲਣ-ਪੋਸ਼ਣ ਵਿੱਚ ਮਾਤਾ ਪਿਤਾ ਦੀਆਂ ਸਫਲਤਾਵਾਂ ਜੋ ਤੁਹਾਨੂੰ ਦਿਖਾਈ ਦਿੰਦੀਆਂ ਹਨ ਉਹਨਾਂ ਦੀ ਕਦਰ ਅਤੇ ਸ਼ਲਾਘਾ ਕਰਨਾ ਯਾਦ ਰੱਖੋ।

## ਮਾਤਾ ਪਿਤਾ ਦੇ ਨਾਲ ਗੱਲਬਾਤ ਕਰਨ ਦੇ ਭਿੰਨ-ਭਿੰਨ ਪ੍ਰਕਾਰ ਦੇ ਮਾਰਗ ਬਣਾਓ

- ਚੰਗੀਆਂ ਗੱਲਾਂ, ਫੋਟੋਆਂ ਅਤੇ ਅਨੁਭਵਾਂ ਨੂੰ ਮਾਤਾ ਪਿਤਾ ਦੇ ਆਉਣ ਜਾਂ ਜਾਣ ਸਮੇਂ ਸਾਂਝੀਆਂ ਕਰਨ ਲਈ ਸੰਚਾਰ ਪੁਸਤਕ ਜਾਂ ਮੇਲ ਬੈਗ ਦੀ ਵਰਤੋਂ ਕਰੋ।
- ਹਰੇਕ ਬੱਚੇ ਲਈ ਵਿਅਕਤੀਗਤ ਡਾਇਰੀ ਜਾਂ ਬਸਤਾ ਬਣਾਵੋ, ਅਤੇ ਉਸ ਵਿੱਚ ਫੋਟੋ, ਚਿੱਤਰ, ਮਜ਼ੇਦਾਰ ਗੱਲਾਂ, ਕਹਾਣੀਆਂ ਆਦਿ ਨਿਯਮਿਤ ਰੂਪ ਨਾਲ ਸ਼ਾਮਲ ਕਰੋ। ਬੱਚੇ ਦੀਆਂ ਵਿਸ਼ੇਸ਼ਤਾਵਾਂ ਅਤੇ ਵਡਿਆਈਆਂ ਦੇ ਬਾਰੇ ਸਕਾਰਾਤਮਕ ਅਤੇ ਸ਼ਲਾਘਾਯੋਗ ਗੱਲਾਂ ਜ਼ਰੂਰ ਜੋੜੋ। ਨਿਸ਼ਚਿਤ ਕਰੋ ਕਿ ਬੱਚੇ ਅਤੇ ਮਾਤਾ ਪਿਤਾ ਉਹਨਾਂ ਨੂੰ ਘਰ ਲੈਕੇ ਜਾ ਸਕਦੇ ਹਨ ਤਾਂ ਕਿ ਉਹ ਉਹਨਾਂ ਨੂੰ ਬਾਰ ਬਾਰ ਦੇਖ ਸਕਣ।
- ਸਮੂਹਕ ਡਾਇਰੀ ਵੀ ਬਣਾਵੋ ਜਿਸ ਵਿੱਚ ਸਾਰੇ ਬੱਚਿਆਂ ਦੀ ਫੋਟੋ ਅਤੇ ਚਿੱਤਰ ਸ਼ਾਮਲ ਹੋਣ। ਉਸ ਨੂੰ ਇੱਕ ਛੋਟੇ ਬਸਤੇ ਵਿੱਚ ਰੱਖੋ ਅਤੇ ਵਾਰੀ ਵਾਰੀ ਹਰੇਕ ਮਾਤਾ ਪਿਤਾ ਦੇ ਘਰ ਭੇਜੋ ਅਤੇ ਉਸ ਵਿੱਚ ਕੁੱਝ ਖਾਲੀ ਪੰਨੇ ਵੀ ਰੱਖੋ ਜਿੰਨ੍ਹਾਂ ਵਿੱਚ ਪਰਿਵਾਰ ਆਪਣਾ ਯੋਗਦਾਨ ਅਤੇ ਵਿਚਾਰ ਲਿੱਖ ਸਕਣ।

***ਹਰੇਕ ਨੂੰ ਲਾਭ ਹੁੰਦਾ ਹੈ ਜਦੋਂ ਬੱਚੇ ਦਾ ਮਜ਼ਬੂਤ ਆਤਮ ਸਨਮਾਨ, ਉਸਦੇ ਸਮੱਰਥ, ਯੋਗਤਾ, ਸਵੀਕ੍ਰਿਤੀ, ਅਤੇ ਸਮੂਹ ਅਤੇ ਸਮਾਜ ਦੇ ਲਈ ਉਸ ਦੇ ਸਮਾਜਕ ਯੋਗਦਾਨ ਨੂੰ ਪ੍ਰਤੀਬਿੰਬਤ ਕਰਦਾ ਹੈ।***


੧. ਹਵਾਲਾ: ਗ੍ਰੀਨਸਪਾਨ, ਐਸ.ਆਈ. (੨੦੦੨) *ਬੱਚੇ ਨੂੰ ਸੁਰਖਿਅਤ ਕਰੋ: ਆਪਣੇ ਬੱਚਿਆਂ ਨੂੰ ਇਸ ਅਸਰੁਖਿਅਤ ਦੁਨੀਆ ਵਿੱਚ ਸੁਰਖਿਅਤ ਅਤੇ ਆਤਮ ਵਿਸ਼ਵਾਸ ਮਹਿਸੂਸ ਕਰਨ ਵਿੱਚ ਸਹਾਇਤਾ ਕਰੋ।* ਕੇਮਬ੍ਰਿਜ: ਪਰਸਿਅਸ ਪਬਲੀਸ਼ਿੰਗ, ਸਫਾ ੬੧।



*Prepared by Jan Blaxall for the Canadian Child Care Federation. Permission is not required to make photocopies for public education purposes. Photocopies may not be sold. To purchase this resource sheet, contact the Canadian Child Care Federation, 201-383 Parkdale Ave., Ottawa, Ontario, K1Y 4R4. Phone (613) 729-5289 or 1 800 858-1412. Fax (613) 729-3159. Email info@cccf-fcsge.ca. Website www.cccf-fcsge.ca. © CCCF 2008.*